# ਪੇਪਰ ਪੰਜਾਬੀ

## ਕਲਾਸ- 12ਵੀਂ

ਸਮਾਂ ਤਿੰਨ ਘੰਟੇ

ਪ੍ਰਸ਼ਨ :- ਹੇਠ ਲਿਖੇ ਕਾਵਿ ਬੰਦ ਦੀ ਪ੍ਰਸੰਗ ਸਾਹਿਤ ਵਿਆਖਿਆ ਕਰੋ (ਕੋਈ ਇਕ) (07)

(ੳ) ਵਿਥਾਂ ਵਾਲੇ ਜੋਗ ਵਿਚ ਵਿਥਾਂ ਪਈਆਂ ਚੱਪੇ-ਚੱਪੇ।
ਅੱਡ-ਅੱਡ ਹਰ ਕੋਈ ਜੋੜੀਆਂ ਨੇ ਥੋੜੀਆਂ,
ਵਿਥਾਂ ਮੇਟ ਇਕ ਹੋਏ, ਉਨ੍ਹਾਂ ਵੇਖ ਗੰਝਣਾ ਵੇ,
ਬਾਂਹੀ ਗਲੇ ਲਿਪਟੀਆਂ ਨਾ ਚਾਹੀਏ ਕਦੇ ਤੋੜੀਆਂ।

(ਅ) ਕੁਝ ਨਹੀਂ ਕੁੰਦਾਂ, ਅੱਖ ਨੀਵੀਂ ਕੀਤੀ, ਮੁੜ-ਮੁੜ ਮੇਰੇ ਵਲ ਤਕਦਾ ।
ਇਹਾ ਬਲਦ, ਮੁੱੜ-ਮੁੱੜ ਮੇਰੇ ਵਲ ਤਕਦਾ।

ਪ੍ਰਸ਼ਨ 2. ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ ਇਕ ਕਵਿਤਾ ਦਾ ਸਾਰ ਲਿਖੋ : (07)
ਕੁੜੀ ਪੋਠੋਹਾਰ ਦੀ, ਅੱਜ ਆਖਾਂ ਵਾਰਸ਼ ਸ਼ਾਹ ਨੂੰ ।

ਪ੍ਰਸ਼ਨ 3. ਕਾਵਿ ਟੁਕੜੀ ਵਿਚੋਂ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ : (06)
ਖਾਣ ਥੋੜਾ, ਪਹਿਨਣ ਮੋਟਾ ਸੋਟਾ, ਵੇਖਣ ਮੁੜ-ਮੁੜ ਬਦਲਾਂ
ਇਹ ਹਨ ਜੱਗ ਦੇ ਭੰਡਾਰੀ, ਰਾਜੇ ਹੱਥ ਅੱਡ-ਅੱਡ ਇਥੋਂ ਮੰਗਦੇ ਰੋਟੀਆਂ

(ੳ) ਉਪਰੋਕਤ ਕਾਵਿ ਟੁਕੜੀ ਦਾ ਨਾਂ ਲਿਖੋ ।
(ਅ) ਇਨ੍ਹਾਂ ਕਾਵਿ ਪੰਕਤੀਆਂ ਕਿਸ ਕਵੀ ਦੀਆਂ ਹਨ ?
(ੲ) ਪੰਕਤੀਆਂ ਵਿਚ ਜਗ ਦੇ ਭੰਡਾਰੀ ਕਿਸ ਨੂੰ ਕਿਹਾ ਹੈ ?
(ਸ) ਹੱਥ ਅੱਡਣ ਤੋਂ ਕੀ ਭਾਵ ਹੈ ?
(ਹ) ਇਨ੍ਹਾਂ ਪੰਕਤੀਆਂ ਵਿਚ ਕਿਸ ਦੇ ਜੀਵਨ ਦੀ ਗੱਲ ਕੀਤੀ ਗਈ ਹੈ ?
(ਕ) ਕਵਿਤਾ ਦਾ ਵਿਸ਼ਾ ਕਿਸ ਨਾਲ ਸਬੰਧਿਤ ਹੈ ?

Scanned with CamScanner

ਪ੍ਰਸ਼ਨ 4. ਕਿਸੇ ਇਕ ਕਹਾਣੀ ਦਾ ਸਾਰ ਲਿਖੋ :- (06)

ਮਹਿਰੀ, ਨਵੀਂ ਸਵੇਰ, ਜੀਉਣ ਦਾ ਮੁੱਲ ।

ਪ੍ਰਸ਼ਨ 5. ਹੇਠ ਲਿਖੇ ਪਾਤਰਾਂ ਵਿਚੋਂ, ਕਿਸੇ ਇਕ ਦੀ ਪਾਤਰ-ਉਸਾਰੀ ਕਰੋ :- (06)

ਦਰਸ਼ਨ ਸਿੰਘ, ਪ੍ਰੀਤੀ, ਅਰਜਨ ਸਿੰਘ ।

ਪ੍ਰਸ਼ਨ 6. ਵਾਰਤਕ ਬੰਦਾਂ ਦੇ ਆਧਾਰ ਤੇ ਪ੍ਰਸ਼ਨਾਂ ਦੇ ਉੱਤਰ ਲਿਖੋ :- (04)

ਬਾਕੀ ਤੀਵੀਆਂ ਪਰ੍ਹਾਂ ਦੀਵਾਰ ਨਾਲ ਜਾ ਖੜੋਂਦੀਆਂ ਅਤੇ ਚੁੱਪ-ਚਾਪ ਪੱਟਦੀਆਂ ਤੇ ਵੈਣ ਪਾਉਂਦੀਆਂ, ਕੁੜੀਆਂ ਵਲ ਗਹੁ ਨਾਲ ਵੇਖਦੀਆਂ । ਕਲ-ਕਲੋਤਰ ਨੂੰ ਉਹ ਆਪਣੀਆਂ ਨੂਹਾਂ ਧੀਆਂ ਨੂੰ ਆਖਣਗੀਆਂ- 'ਫਲਾਣੇ ਦੀ ਨੂੰਹ ਵਾਂਗ ਤੂੰ ਵੀ ਗੰਵਾਰ ਹੀ ਰਹਿਸੈਂ ।

(ੳ). ਵੈਣ ਕਦੋਂ ਪਾਏ ਜਾਂਦੇ ਹਨ ?

(ਅ). ਉਪਰੋਕਤ ਬੰਦ ਕਿਸ ਵਿਸ਼ੇ ਨਾਲ ਸਬੰਧਿਤ ਹੈ ?

(ੲ) ਕੋਈ ਤਿੰਨ ਆਂਚਲਿਕ ਸ਼ਬਦ ਲਿਖੋ ?

(ਸ). ਇਹ ਬੰਦ ਕਿਸ ਕਹਾਣੀ 'ਚੋਂ ਲਿਆ ਗਿਆ ਹੈ?

ਜਾਂ

ਉਸ ਦੇ ਘਰ ਜਾਣਾ ਮੇਰੇ ਲਈ ਦੁਚਿੱਤੀ ਵਾਲੀ ਗਲ ਸੀ । ਮਾਲਦੇਵੀ ਇਸ ਨੂੰ ਕੁਝ ਵੀ ਸਮਝ ਸਕਦੀ ਸੀ । ਚੰਗਾ ਜਾਂ ਮੰਦਾ, ਪੱਖ ਫਰੋਲਦਿਆਂ ਕੋਈ ਸਮਾਂ ਥੋੜ੍ਹਾ ਲੱਗਦਾ ਏ, ਬੰਦੇ ਦੇ ਮਨ ਵਿਚ ਜਾਂ ਮਨ ਦੀ ਅਵਸਥਾ ਹੀ ਉਸ ਪਾਸੇ ਲੈ ਤੁਰਦੀ ਹੈ।

(ੳ). ਦੁਚਿੱਤੀ ਤੋਂ ਕੀ ਭਾਵ ਹੈ ?

Scanned with CamScanner

(ਅ). ਚੰਗਾ ਜਾਂ ਮੰਦਾ, ਇਹੋ ਜਿਹੇ ਦੋ ਹੋਰ ਸ਼ਬਦ ਲਿਖੋ।

(ੲ) ਸਮਝ ਤੇ ਥੋੜ੍ਹਾ ਸ਼ਬਦਾਂ ਦੇ ਉਲਟ ਸ਼ਬਦ ਲਿਖੋ ।

(ਸ) ਉਪਰੋਕਤ ਬੰਦ ਦੇ ਲੇਖਕ ਦਾ ਨਾਂ ਦਸੋ ।

ਪ੍ਰਸ਼ਨ 7 . ਕੋਈ ਚਾਰ ਪ੍ਰਸ਼ਨਾਂ ਦੇ ਉਤਰ ਲਿਖੋ :- (04)

(ੳ) ਸੇਵਾ ਸਿੰਘ ਨੇ ਕਿਹੜੀ ਕਹਾਣੀ ਲਿਖੀ ਹੈ ?

(ਅ) ਮਲਸੁਬਹਾਨ ਦੀ ਦੂਜੀ ਵੋਹਟੀ ਕੌਣ ਸੀ ?

(ੲ) 'ਕਿਰਕਿਟੀਆਂ ਤੋਂ ਕੀ ਭਾਵ ਹੈ ?

(ਸ) __________________ ਇਕ ਫਰੇਮ ਵਿਚ ਲਗੀ ਤਸਵੀਰ ਸੀ। ਪੰਕਤੀ ਪੂਰੀ ਕਰੋ ।

(ਹ) ਸਮਾਂ ਮਲਕੜੇ ਜਿਹੇ ਬੂਹੇ-ਬਾਰੀਆਂ ਵਿਚੋਂ ਨਿਕਲਦਾ ਗਿਆ। ਪੰਕਤੀਆਂ ਕਿਸ-ਕਹਾਣੀ ਨਾਲ ਸਬੰਧਿਤ ਹੈ ?

(ਕ) ਕੋਈ ਦੋ ਸ਼ਬਦਾਂ ਦੇ ਅਰਥ ਲਿਖੋ :- ਵੰਝਲੀ, ਗੋਲਕ, ਹਸਰਤ ।

ਪ੍ਰਸਨ 8. ਕਿਸੇ ਇਕ ਲੇਖ ਨੂੰ ਆਪਣੇ ਸ਼ਬਦਾਂ ਵਿਚ ਲਿਖੋ :- ਮੁੱਢਲੀ ਅਵਸਥਾ, ਪਿੰਡਾਂ ਦੀ ਪੜ੍ਹਾਈ, ਮੁੜ ਪ੍ਰੋਫੈਸਰੀ । (06)

ਪ੍ਰਸ਼ਨ 9 . ਪ੍ਰਿ: ਤੇਜਾ ਸਿੰਘ ਦੇ ਜੀਵਨ ਨਾਲ ਸਬੰਧਿਤ ਕਿਸੇ ਇਕ ਘਟਨਾ ਨੂੰ ਆਪਣੇ ਸ਼ਬਦਾਂ ਵਿਚ ਲਿਖੋ (ਜੋ ਤੁਹਾਨੂੰ ਸਭ ਤੋਂ ਵੱਧ ਚੰਗੀ ਲਗੀ ਹੋਵੇ) 250 ਸ਼ਬਦਾਂ ਵਿਚ (06)

ਪ੍ਰਸ਼ਨ 10. ਹੇਠ ਲਿਖੇ ਵਾਰਤਕ ਬੰਦ ਦੇ ਪ੍ਰਸ਼ਨਾਂ ਦੇ ਉੱਤਰ ਦਿਉ :- (04)

ਅੱਠਵੀਂ ਜਮਾਤ ਪਾਸ ਕਰਨ ਤੇ ਅਸੀਂ ਨਿੱਭੜ ਗਏ ਸਾਂ । ਮੈਂ ਅੰਮ੍ਰਿਤਸਰ ਚਲਾ ਗਿਆ ਅਤੇ ਇੱਧਰ-ਉਧਰ ਪੜ ਕੇ ਪ੍ਰੋਫੈਸਰ ਬਣ ਗਿਆ । ਉਹ ਵੱਡਾ ਹੋ ਕੇ ਇੰਜੀਨੀਅਰ

Scanned with CamScanner

ਬਣਿਆ ਅਤੇ ਅੰਗਜ਼ੈਕਟਿਵ ਇੰਜੀਨੀਅਰ ਹੋ ਕੇ ਰਿਟਾਇਰ ਹੋ ਗਿਆ। ਉਸਨੇ ਛਿਹਰਟਾ ਸਾਹਿਬ ਕੋਲ ਆਪਣਾ ਲੋਹੇ ਦਾ ਕਾਰਖਾਨਾ ਖੋਲ੍ਹ ਲਿਆ ।

(ੳ). ਉਪਰੋਕਤ ਪੰਕਤੀਆਂ ਕਿਸ ਲੇਖ 'ਚੋਂ ਹਨ ?

(ਅ). ਪ੍ਰੋਫੈਸਰ ਕੌਣ ਬਣਿਆ ?

(ੲ). ਲੋਹੇ ਦਾ ਕਾਰਖਾਨਾ ਕਿਸ ਜਗ੍ਹਾ ਤੇ ਸੀ ?

(ਸ). 'ਨਿਖੜ' ਸ਼ਬਦ ਦਾ ਅਰਥ ਲਿਖੋ ?

ਪ੍ਰਸ਼ਨ 11. ਵਾਰਤਕ ਪੰਕਤੀਆਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :- (04)

ਮੈਂ ਪਹਿਲੀ ਵਾਰ ਸ਼ਹਿਰ ਆਇਆ ਸਾਂ। ਉੱਥੇ ਨਾ ਕੋਈ ਜਾਣ-ਪਛਾਣ ਸਾਰਾ ਦਿਨ ਭੌਂਦਾ ਰਿਹਾ । ਚਾਅ ਸੀ ਪੜ੍ਹਨ ਦਾ, ਪਰ ਸਕੂਲ ਤਕ ਪਹੁੰਚਣਾ ਕਿਵੇਂ ਹੋਵੇ ?

ਜਾਂ

ਅਸੀਂ ਸੱਚਮੁੱਚ ਨਾ ਨਰਮ ਧੜੇ ਦੇ ਸਾਂ ਤੇ ਨਾ ਹੀ ਗਰਮ ਧੜੇ ਦੇ, ਸਗੋਂ ਦੋਹਾਂ ਦੇ ਵਿਚਕਾਰ ਰਹਿਕੇ ਸੇਵਾ ਦੇ ਚਾਹਵਾਨ ਸਾਂ ।

ਪ੍ਰਸ਼ਨ 12. ਹੇਠ ਲਿਖੇ ਮੁਹਾਵਰਿਆਂ ਦੇ ਅਰਥ ਦਸ ਕੇ ਵਾਕਾਂ ਵਿਚ ਵਰਤੋ (ਕੋਈ ਪੰਜ) (05)

ਵਾਲ-ਵਾਲ ਬਚਣਾ, ਅੱਖ ਮਾਰਨੀ, ਅੱਖਾਂ ਦਾ ਤਾਰਾ, ਅੱਖ ਖੁਲ੍ਹਣਾ, ਉੱਲੂ ਸਿੱਧਾ ਕਰਨਾ, ਉਂਗਲ ਲਾਉਣੀ, ਅੱਗ ਲਗਣੀ ।

ਪ੍ਰਸ਼ਨ 13. ਬਹੁ-ਆਰਥਕ ਸ਼ਬਦ ਲਿਖੋ (ਕੋਈ ਪੰਜ) :- ਪ੍ਰਾਣੀ, ਪਾਣੀ, ਪ੍ਰਕਾਸ਼, ਕਲਮ, ਇੱਜ਼ਤ, ਦਰ, ਲਾਲ (ਘੱਟ ਤੋਂ ਘੱਟ ਦੋ ਅਰਥ) (05)

Scanned with CamScanner

ਪ੍ਰਸ਼ਨ 14. ਕੋਈ ਪੰਜ ਭਿੰਨਾਤਮਕ ਸ਼ਬਦਾਂ ਦੇ ਦੋ ਅਰਥ ਲਿਖੋ :- ਕਲਪਨਾ, ਵਲ, ਹਲ, ਤੇਲ ਹਾਰ, ਚਾਕ ਅਤੇ ਬੰਦ । (05)

ਪ੍ਰਸ਼ਨ 15. ਸ਼ਬਦਾਂ ਨੂੰ ਸ਼ੁੱਧ ਰੂਪ ਵਿਚ ਲਿਖੋ (ਕੋਈ ਪੰਜ) । (05)

ਡਿਠਾ, ਨਕ ਵਟਣਾ, ਅਮਰਿਤਾ, ਗਹਣਾ, ਕਾਹ, ਤਨਦਰੁਸਤ ।

ਪ੍ਰਸ਼ਨ 16. ਉਲਟ ਭਾਵੀ ਸ਼ਬਦ (ਕੋਈ ਪੰਜ) :- ਹਾਰ, ਵਾਕ, ਬਿਰਹਾ, ਰੇਸ਼ਮ, ਸਰਘੀ, ਸ਼ੁੱਧ, ਜਵਾਨੀ, ਸਹਾਰਾ । (05)

ਪ੍ਰਸ਼ਨ 17. ਹੇਠ ਲਿਖੇ ਸ਼ਬਦਾਂ ਦੇ ਅਗੇਤਰ ਤੁੇ ਪਿਛੇਤਰ ਲਿਖੋ :- (05)

ਅਗੇਤਰ :- ਕੰਦ ________, ਰਾਸ ________,ਸ਼ਕਤੀ__________

ਸਰ, ________, ਬੰਨ__________ (ਕੋਈ ਤਿੰਨ)

ਪਿਛੇਤਰ :-

ਤਿੰਨ __________ ਚਾਰ, __________ਵਾਰ,__________

ਮੇਲ______ਮਤ __________ ਵਾਸ________ (ਕੋਈ ਤਿੰਨ)

ਪ੍ਰਸਨ 18. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਵਿਸ਼ੇ ਤੇ ਲੇਖ ਲਿਖੋ :- (10)

ਕੋਈ ਅੱਖੀਂ ਡਿੱਠਾ ਸੱਚ, ਵੱਧ ਰਿਹਾ ਪ੍ਰਦੂਸ਼ਣ ਅਤੇ ਜਗ ਜਨਨੀ ।

--0--

Scanned with CamScanner